# ਸੰਤ ਖੇਲਹਿ ਤੁਮ ਸੰਗਿ ਗੋਪਾਲਾ

**ਮਾਝ ਮਹਲਾ ੫ ॥**

ਇਹ ਸ਼ਬਦ, Hymn, ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਮਾਝ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ ਅਤੇ ਪੰਨਾ ੧੦੦ ਤੇ ਸੁਭਾਇਮਾਨ ਹੈ। ਇਸ ਸ਼ਬਦ ਵਿਚ ਪੰਚਮ ਪਾਤਸ਼ਾਹ ਨੇ ਦਸਿਆ ਹੈ ਕਿ ਵਾਹਗੁਰੂ ਦੀ ਸਿਫ਼ਤ ਸਲਾਹ ਕਰਨੀ ਪ੍ਰਭੂ ਨੂੰ ਆਪਣੇ ਤਰੀਕੇ ਨਾਲ ਭਾਉਂਦੀ ਹੈ। ਇਹ ਉਹੀ ਕਰ ਸਕਦਾ ਹੈ ਜੋ ਪ੍ਰਭੂ ਨੂੰ ਭਾਉਂਦਾ ਹੈ। ਜੋ ਉਸ ਨੂੰ ਭਾਅ ਜਾਵੇ, ਉਹ ਉਸ ਭਗਤ ਨੂੰ ਬਾਲਕ ਵਾਂਙ ਸੰਭਾਲਦਾ ਹੈ। ਅਜਿਹੇ ਭਗਤਾਂ ਤੋਂ ਗੁਰੂ ਸਾਹਿਬ ਕੁਰਬਾਨ ਜਾਂਦੇ ਹਨ ਅਤੇ ਫ਼ੁਰਮਾਣ ਕਰਦੇ ਹਨ ਕਿ ਅਜਿਹੇ ਭਗਤ ਨਾਲ ਲਗ ਕੇ ਪਰਮ ਸੁਖ ਦੀ ਪ੍ਰਾਪਤੀ ਹੋ ਜਾਂਦੀ ਹੈ।

**ਸਿਫਤਿ ਸਾਲਾਹਣੁ ਤੇਰਾ ਹੁਕਮੁ ਰਜਾਈ॥**

**ਸੋ ਗਿਆਨੁ ਧਿਆਨੁ ਜੋ ਤੁਧੁ ਭਾਈ॥**

**ਸੋਈ ਜਪੁ ਜੋ ਪ੍ਰਭ ਜੀਉ ਭਾਵੈ ਭਾਣੈ ਪੂਰ ਗਿਆਨਾ ਜੀਉ ॥੧॥**

-- ਹੇ ਰਜ਼ਾ ਵਾਲੇ ਪ੍ਰਭੂ ! ਜੇ ਮੈਂ ਤੇਰਾ ਹੁਕਮ ਮੰਨਦਾ ਹਾਂ ਤਾਂ ਤੇਰੀ ਸਿਫ਼ਤ ਸਲਾਹ ਕਰਾਂ, ਸਿਮਰਨ ਕਰਾਂ। ਅਸਲ ਵਿਚ ਸਿਫ਼ਤ ਸਲਾਹ ਕਰਨਾ, ਸਿਮਰਨ ਕਰਨਾ ਹੀ ਤੇਰਾ ਹੁਕਮ ਮੰਨਣਾ ਅਤੇ ਤੇਰੀ ਰਜ਼ਾ ਵਿਚ ਰਹਿਣਾ ਹੈ।

-- ਜਿਸ ਤਰ੍ਹਾਂ ਦਾ ਗਿਆਨ, ਧਿਆਨ ਤੈਨੂੰ ਭਾਉਂਦਾ ਹੈ ਉਹੀ ਸਫ਼ਲ ਹੈ, ਉਹੀ ਅਸਲ ਗਿਆਨ, ਧਿਆਨ ਹੈ।

ਉਸ ਦਾ ਹੁਕਮ ਮੰਨਣ, ਭਾਣੇ ਵਿਚ ਰਹਿਣ ਵਾਲਾ ਹੀ ਭਗਤ ਹੈ, ਗਿਆਨੀ ਹੈ। ਪਰ ਉਸ ਦੇ ਭਾਣੇ ਵਿਚ ਉਹੀ ਨਚ ਸਕਦਾ ਹੈ ਜੋ ਉਸ ਨੂੰ ਭਾਉਂਦਾ ਹੈ, ਜਿਨ੍ਹਾਂ ਨੂੰ ਗੁਰੂ ਅਨੁਸਾਰੀ ਕਰ ਕੇ ਸਿਮਰਨ ਵਿਚ ਲਿਵ ਜੋੜਦਾ ਹੈ - 'ਜੋ ਤੁਧੁ ਭਾਵਹਿ ਸੇਈ ਨਾਚਹਿ ਜਿਨ ਗੁਰਮੁਖਿ ਸਬਦਿ ਲਿਵ ਲਾਏ।। ਸੇ ਭਗਤ ਸੇ ਤਤੁ ਗਿਆਨੀ ਜਿਨ ਕਉ ਹੁਕਮੁ ਮਨਾਏ।।', ਪੰਨਾ ੫੦੬. ਸ੍ਰੀ ਗੁਰੂ ਨਾਨਕ ਸਾਹਿਬ ਦਾ ਫ਼ੁਰਮਾਣ ਹੈ ਕਿ ਉਹ ਆਪ ਹੀ ਪ੍ਰੇਮ, ਭਗਤੀ ਪ੍ਰਦਾਨ ਕਰਦਾ ਹੈ, ਆਪ ਹੀ ਮਿਲਦਾ ਹੈ, ਮਿਲਾ ਲੈਂਦਾ ਹੈ, ਸਭ ਉਸ ਦੀ ਰਜ਼ਾ ਹੀ ਹੈ - 'ਆਪੇ ਭਗਤੀ ਭਾਉ ਤੂੰ ਆਪੇ ਮਿਲਹਿ ਮਿਲਾਇ।।', ਪੰਨਾ ੬੨. ਸ੍ਰੀ ਗੁਰੂ ਅਮਰਦਾਸ

ਸਾਹਿਬ ਦਾ ਫ਼ੁਰਮਾਣ ਹੈ ਕਿ ਉਹੀ ਤੇਰੀ, ਪ੍ਰਭੂ ਦੀ ਭਗਤੀ ਸਚੀ ਹੈ ਜੋ ਤੈਨੂੰ ਸਚੇ ਨੂੰ ਭਾਉਂਦੀ ਹੋਵੇ - 'ਤੇਰੀ ਭਗਤਿ ਸਚੀ ਜੇ ਸਚੇ ਭਾਵੈ।।', ਪੰਨਾ ੧੧੨. ਪਾਤਸ਼ਾਹ ਦੇ ਬਚਨ ਹਨ ਕਿ ਉਹੀ ਭਗਤ ਹਨ, ਉਹੀ ਪ੍ਰਭੂ ਦਾ ਅਸਲ ਗਿਆਨ ਰਖਣ ਵਾਲੇ ਹਨ ਜਿਨ੍ਹਾਂ ਤੋਂ ਪ੍ਰਭੂ ਆਪਣਾ ਹੁਕਮ ਮੰਨਵਾਉਂਦਾ ਹੈ - 'ਸੇ ਭਗਤ ਸੇ ਤਤੁ ਗਿਆਨੀ ਜਿਨ ਕਉ ਹੁਕਮੁ ਮਨਾਏ।।', ਪੰਨਾ ੫੦੬.

-- ਹੇ ਪ੍ਰਭੂ ਜੀਓ ! ਜਿਸ ਤਰ੍ਹਾਂ ਦਾ ਵੀ ਤਪ ਤੈਨੂੰ ਭਾਉਂਦਾ ਹੈ ਉਹੀ ਅਸਲ ਤਪ ਹੈ, ਜਿਸ ਤਰ੍ਹਾਂ ਦਾ ਵੀ ਗਿਆਨ ਤੈਨੂੰ ਭਾਉਂਦਾ ਹੈ ਉਹੀ ਪੂਰਨ ਗਿਆਨ ਹੈ।੧।

ਸ੍ਰੀ ਗੁਰੂ ਨਾਨਕ ਸਾਹਿਬ ਅਨੁਸਾਰ ਜੋ ਪ੍ਰਭੂ ਦਾ 'ਖੁਦਾਇ ਖੁਦਾਇ', ਭਾਵ, **ਵਾਹਗੁਰੂ ਵਾਹਗੁਰੂ**... ਸਿਮਰਨ ਕਰਦਾ ਹੈ ਅਤੇ ਨਾਲ ਹੀ ਜੋ ਉਸ ਪ੍ਰਭੂ ਨੂੰ ਭਾਉਂਦਾ ਹੈ, ਉਹ ਭਗਤ ਹੀ ਪ੍ਰਭੂ ਦੇ ਭਾਣੇ ਚੰਗਾ ਹੈ - '**ਖਸਮੈ ਭਾਵੈ ਓਹੋ ਚੰਗਾ ਜਿ ਕਰੇ ਖੁਦਾਇ ਖੁਦਾਇ।।**', ਪੰਨਾ ੧੨੮੬.

ਸ੍ਰੀ ਗੁਰੂ ਅਮਰਦਾਸ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਉਹੀ ਜਪ ਹੈ, ਉਹੀ ਤਪ ਹੈ ਜੋ ਸਚੇ ਗੁਰੂ/ਪ੍ਰਭੂ ਨੂੰ ਭਾਅ ਜਾਏ। ਉਸ ਦੀ ਰਜ਼ਾ ਨਾਲ ਹੀ ਮਨੁਖ ਨੂੰ ਉਸ ਦੇ ਦਰਬਾਰ ਵਿਚ ਆਦਰ ਮਿਲਦਾ ਹੈ - 'ਸੋ ਜਪੁ ਸੋ ਤਪੁ ਜਿ ਸਤਿਗੁਰ ਭਾਵੈ।। ਸਤਿਗੁਰ ਕੈ ਭਾਣੈ ਵਡਿਆਈ ਪਾਵੈ।।', ਪੰਨਾ ੫੦੯. ਹੋਰ ਬਚਨ ਕਰਦੇ ਹਨ, ਉਹੀ ਜਪ, ਉਹੀ ਤਪ, ਉਹੀ ਸੇਵਾ, ਚਾਕਰੀ ਹੈ ਜੋ ਖਸਮ ਪ੍ਰਭੂ ਨੂੰ ਚੰਗੇ ਲਗਣ - 'ਸੋ ਜਪੁ ਤਪੁ ਸੇਵਾ ਚਾਕਰੀ ਜੋ ਖਸਮੈ ਭਾਵੈ।।', ਪੰਨਾ ੧੨੪੭.

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਵੀ ਅਜਿਹਾ ਹੀ ਬਚਨ ਹੈ ਕਿ ਜੋ ਕਰਮ ਪ੍ਰਭੂ ਨੂੰ ਭਾਉਂਦੇ ਹਨ ਉਹੀ ਨਿਰਮਲ ਹਨ, ਜੋ ਧਰਮ ਪ੍ਰਭੂ ਨੂੰ ਭਾਉਂਦਾ ਹੈ ਉਹੀ ਸਚ ਧਰਮ ਹੈ - 'ਜੋ ਤੁਧੁ ਭਾਵੈ ਸੋ ਨਿਰਮਲ ਕਰਮਾ।। ਜੋ ਤੁਧੁ ਭਾਵੈ ਸੋ ਸਚੁ ਧਰਮਾ।।', ਪੰਨਾ ੧੮੦. ਸਿਧਾ ਜਿਹਾ ਸਚ ਹੈ ਕਿ ਜੋ ਤੈਨੂੰ ਭਾਉਂਦਾ ਹੈ, ਉਹ ਭਾਵੇਂ ਖੋਟਾ ਹੋਵੇ, ਤੂੰ ਉਸ ਨੂੰ ਖਰਿਆਂ ਦੇ ਨਾਲ, ਭਾਵ ਪਰਵਾਨ ਚੜ੍ਹੇ ਭਗਤ ਜਨਾਂ ਦੇ ਨਾਲ ਰਖ ਕੇ ਬਖ਼ਸ਼ ਦਿੰਦਾ ਹੈਂ। ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਇਸ ਤੋਂ ਵਧ ਕੀ ਕਹੀਏ, ਜੇ ਪਾਰਬ੍ਰਹਮ ਨੂੰ ਭਾਵੇ ਤਾਂ ਪਥਰ ਵੀ ਪਾਣੀ ਤੇ ਤਾਰ ਦਿੰਦਾ ਹੈਂ - 'ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ।। ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ।।', ਪੰਨਾ ੨੬੧.

**ਅੰਮ੍ਰਿਤੁ ਨਾਮੁ ਤੇਰਾ ਸੋਈ ਗਾਵੈ ॥ ਜੋ ਸਾਹਿਬੁ ਤੇਰੈ ਮਨਿ ਭਾਵੈ ॥**

**ਤੂੰ ਸੰਤਨ ਕਾ ਸੰਤ ਤੁਮਾਰੇ ਸੰਤ ਸਾਹਿਬ ਮਨੁ ਮਾਨਾ ਜੀਉ ॥੨॥**

-- ਤੇਰਾ ਨਾਮ ਹੀ ਅਸਲ ਅੰਮ੍ਰਿਤ ਹੈ ਅਤੇ ਉਹੀ ਗਾਉਂਦਾ, ਸਿਮਰਦਾ ਹੈ ਜੋ

-- ਹੇ ਸਾਹਿਬ ! ਤੇਰਾ ਅੰਮ੍ਰਿਤ ਮਈ ਨਾਮ ਉਹੀ ਜਪਦਾ ਹੈ ਜੋ ਤੇਰੇ ਮਨ ਨੂੰ ਭਾਉਂਦਾ ਹੈ।

ਪਾਤਸ਼ਾਹ ਦੇ ਬਚਨ ਹਨ, ਉਹੀ ਅਸਲ ਭਗਤ, ਗਿਆਨੀ, ਧਿਆਨੀ, ਤਪਾ ਹੈ ਜਿਹੜਾ ਪ੍ਰਭੂ ਨੂੰ ਭਾਅ ਗਿਆ, ਜਿਸ ਤੇ ਉਸ ਨੇ ਕਿਰਪਾ ਕਰ ਦਿਤੀ - 'ਸੋਈ ਭਗਤੁ ਗਿਆਨੀ ਧਿਆਨੀ ਤਪਾ ਸੋਈ ਨਾਨਕ ਜਾ ਕਉ ਕਿਰਪਾ ਕੀਜੈ।।', ਪੰਨਾ ੬੭੮. ਹੋਰ ਬਚਨ ਕਰਦੇ ਹਨ, 'ਹੇ ਪ੍ਰਭੂ ! ਜਿਹੜਾ ਮਨੁਖ ਤੈਨੂੰ ਭਾਅ ਗਿਆ, ਜਿਸ ਤੇ ਤੇਰੀ ਰੁਚੀ ਆ ਗਈ ਉਹੀ ਅਸਲ ਗਿਆਨੀ ਹੈ, ਤੇਰਾ ਜਨ ਹੈ। ਅਜਿਹੇ ਜਨ ਤੇ ਤੂੰ ਕਿਰਪਾ ਕਰਦਾ ਹੈਂ ਅਤੇ ਅਜਿਹਾ ਜਨ ਹੀ ਸਦਾ ਸਦਾ ਤੇਰਾ ਨਾਮ ਜਪ ਸਕਦਾ ਹੈ' - 'ਸੋਈ ਗਿਆਨੀ ਸੋਈ ਜਨੁ ਤੇਰਾ ਜਿਸੁ ਊਪਰਿ ਰੁਚ ਆਵੈ।। ਕ੍ਰਿਪਾ ਕਰਹੁ ਜਿਸੁ ਪੁਰਖ ਬਿਧਾਤੇ ਸੋ ਸਦਾ ਸਦਾ ਤੁਧੁ ਧਿਆਵੈ।।', ਪੰਨਾ ੯੭੮.

-- ਹੇ ਸਾਹਿਬ ! ਤੂੰ ਸੰਤ ਜਨਾਂ ਦਾ ਹੀ ਹੈਂ ਅਤੇ ਸੰਤ ਤੇਰੇ ਹੀ ਹਨ; ਹੇ ਸਾਹਿਬ ! ਸੰਤ ਜਨਾਂ ਦਾ ਅਤੇ ਤੇਰਾ ਮਨ, ਆਪਸ ਵਿਚ ਮੰਨਿਆਂ ਹੋਇਆ ਹੈ, ਮਿਲਿਆ ਹੋਇਆ ਹੈ।੨।

ਭਗਤ ਕਬੀਰ ਜੀ ਨੇ ਆਪਣੀ ਅਜਿਹੀ ਅਵੱਸਥਾ ਬਾਰੇ ਬਚਨ ਕੀਤੇ ਹਨ ਕਿ ਉਹ ਹੁਣ ਪ੍ਰਭੂ ਦੇ ਸਿੰਘਾਸਨ ਤੇ ਚੜ੍ਹ ਕੇ ਰਾਮ ਪ੍ਰਭੂ ਨਾਲ ਇੰਞ ਇਕਮਿਕ ਹੋ ਗਏ ਹਨ ਕਿ ਕੋਈ ਪਛਾਣ ਹੀ ਨਹੀਂ ਸਕਦਾ ਕਿ ਰਾਮ ਕੌਣ ਹੈ ਅਤੇ ਕਬੀਰ ਕੌਣ ਹੈ - 'ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ।। ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ।।', ਪੰਨਾ ੯੬੯.

**ਤੂੰ ਸੰਤਨ ਕੀ ਕਰਹਿ ਪ੍ਰਤਿਪਾਲਾ ॥**

**ਸੰਤ ਖੇਲਹਿ ਤੁਮ ਸੰਗਿ ਗੋਪਾਲਾ ॥**

**ਅਪੁਨੇ ਸੰਤ ਤੁਧੁ ਖਰੇ ਪਿਆਰੇ ਤੂ ਸੰਤਨ ਕੇ ਪ੍ਰਾਨਾ ਜੀਉ ॥੩॥**

-- ਹੇ ਪ੍ਰਭੂ ! ਤੂੰ ਸੰਤ ਜਨਾਂ ਦੀ ਹਰ ਤਰ੍ਹਾਂ ਨਾਲ ਪਾਲਣਾ ਕਰਦਾ ਹੈਂ।

ਪ੍ਰਭੂ ਹੀ ਸਦਾ ਥਿਰ ਰਹਿਣ ਵਾਲਾ ਸਾਹਿਬ ਹੈ, ਮਾਲਕ ਹੈ, ਉਸਦੀ ਬੇਅੰਤ ਵਡਿਆਈ ਹੈ, ਭਗਤਾਂ ਪ੍ਰਤੀ ਬਹੁਤ ਦਇਆਲੂ ਹੈ ਅਤੇ ਸਦਾ ਭਗਤ ਦੀ ਪੈਜ ਰਖਦਾ ਹੈ। ਸੰਤਾਂ, ਭਗਤਾਂ ਦੀ ਪੈਜ ਰਖਣਾ ਉਸ ਦਾ ਆਦਿ ਤੋਂ ਹੀ ਸੁਭਾਅ ਹੈ - 'ਸਾਚਾ ਸਾਹਿਬੁ ਅਮਿਤਿ ਵਡਾਈ ਭਗਤਿ ਵਛਲ ਦਇਆਲਾ।। ਸੰਤਾ ਕੀ ਪੈਜ ਰਖਦਾ ਆਇਆ ਆਦਿ ਬਿਰਦੁ ਪ੍ਰਤਿਪਾਲਾ।।', ਪੰਨਾ ੬੧੧.

-- ਹੇ ਗੋਪਾਲ, ਪ੍ਰਤਿਪਾਲਕ ਪ੍ਰਭੂ ! ਤੇਰੇ ਸੰਤ ਤੇਰੇ ਨਾਲ ਖੇਡਾਂ ਖੇਡਦੇ, ਲਾਡ ਲਡਾਉਂਦੇ ਹਨ।

ਪ੍ਰੇਮ ਦੀ ਲੋਰ ਵਿਚ ਭਗਤ ਕਹਿ ਉਠਦੇ ਹਨ - 'ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ।।', ਪੰਨਾ ੫੧. ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੇ ਬਚਨ ਹਨ ਕਿ ਪ੍ਰਭੂ ਦਾ ਬਿਰਦ ਹੈ, ਹਮੇਸ਼ਾਂ ਤੋਂ ਸੁਭਾਅ ਹੈ, ਉਹ ਭਗਤ ਵਛਲ ਹੈ। ਆਪਣੇ ਭਗਤ ਦੀ ਆਪਣੇ ਬਾਲਕ ਦੀ ਤਰ੍ਹਾਂ ਪ੍ਰਤਿਪਾਲਣਾ ਕਰਦਾ ਹੈ ਅਤੇ ਆਪਣੇ ਜਨ ਨੂੰ ਲਾਡ ਵੀ ਲਡਾਉਂਦਾ ਹੈ - 'ਪ੍ਰਭ ਕੋ ਭਗਤ ਵਛਲੁ ਬਿਰਦਾਇਓ।। ਕਰੇ ਪ੍ਰਤਿਪਾਲ ਬਾਰਿਕ ਕੀ ਨਿਆਈ ਜਨ ਕਉ ਲਾਡ ਲਡਾਇਓ।।', ਪੰਨਾ ੪੯੮. ਆਪਣੇ ਭਗਤਾਂ ਨੂੰ ਆਪਣੇ ਬਾਲਕਾਂ ਵਾਂਙੂੰ ਖਿਡਾਉਂਦਾ, ਲਾਡ ਲਡਾਉਂਦਾ ਹੈ, ਅਨੰਦ ਬਖ਼ਸ਼ਦਾ ਹੈ, ਮਾਤਾ ਪਿਤਾ ਦੀ ਤਰ੍ਹਾਂ ਉਨ੍ਹਾਂ ਦੀ ਪ੍ਰਤਿਪਾਲਣਾ ਕਰਦਾ ਹੈ - 'ਖੇਲਿ ਖਿਲਾਇ ਲਾਡ ਲਾਡਾਵੈ ਸਦਾ ਸਦਾ ਅਨਦਾਈ।। ਪ੍ਰਤਿਪਾਲੈ ਬਾਰਿਕ ਕੀ ਨਿਆਈ ਜੈਸੇ ਮਾਤ ਪਿਤਾਈ।।', ਪੰਨਾ ੧੨੧੩. ਭਗਤ ਨਾਮਦੇਵ ਜੀ ਦੀ ਸੁਚੀ ਭਗਤੀ ਨੂੰ ਵੇਖ ਕੇ ਨਾਰਾਇਣ ਜੀ ਖੁਸ਼ ਹੁੰਦੇ ਹਨ, ਹਸਦੇ ਹਨ ਅਤੇ ਬਚਨ ਕਰਦੇ ਹਨ ਕਿ ਇਹ ਭਗਤ ਮੇਰੇ ਹਿਰਦੇ ਵਿਚ ਵਸਦਾ ਹੈ - 'ਏਕੁ ਭਗਤੁ ਮੇਰੇ ਹਿਰਦੇ ਬਸੈ।। ਨਾਮੇ ਦੇਖਿ ਨਰਾਇਨੁ ਹਸੈ।।', ਪੰਨਾ ੧੧੬੩.

-- ਹੇ ਪ੍ਰਭੂ ਜੀਓ ! ਤੇਰੇ ਸੰਤ ਤੇਰੇ ਭਾਅ ਦੇ ਹਮੇਸ਼ਾਂ ਸਹੀ ਹੁੰਦੇ ਹਨ, ਪਿਆਰੇ ਹੁੰਦੇ ਹਨ ਅਤੇ ਤੂੰ ਹੀ ਸੰਤ ਜਨਾਂ ਦੀ ਜਿੰਦ ਜਾਨ ਹੈਂ।੩।

ਜਿਨ੍ਹਾਂ ਵਾਹਗੁਰੂ ਦੇ ਭਗਤਾਂ ਅੰਦਰ ਪ੍ਰਭੂ ਦਾ ਪ੍ਰੇਮ, ਸਿਮਰਨ ਮੌਜੂਦ ਹੈ, ਵਾਹਿਗੁਰੂ ਦੇ ਲਈ ਤਾਂ ਉਹ ਜਨ ਸੁਘੜ ਸਿਆਣੇ ਹਨ। ਅਜਿਹੇ ਜਨ, ਬਾਹਰੋਂ ਜੇ ਦੁਨੀਆਂ ਨੂੰ ਭੁਲ ਚੁਕ ਬੋਲਦੇ ਪਰਤੀਤ ਵੀ ਹੁੰਦੇ ਹੋਣ, ਹਰੀ ਪ੍ਰਭੂ ਦੇ ਭਾਣੇ

ਉਹ ਖਰੇ, ਸਹੀ ਹੀ ਹੁੰਦੇ ਹਨ - 'ਜਿਨ ਅੰਤਰਿ ਹਰਿ ਹਰਿ ਪ੍ਰੀਤਿ ਹੈ ਤੇ ਜਨ ਸੁਘੜ ਸਿਆਣੇ ਰਾਮ ਰਾਜੇ।। ਜੇ ਬਾਹਰਹੁ ਭੁਲਿ ਚੁਕਿ ਬੋਲਦੇ ਭੀ ਖਰੇ ਹਰਿ ਭਾਣੇ।।', ਪੰਨਾ ੪੫੦.

**ਉਨ ਸੰਤਨ ਕੈ ਮੇਰਾ ਮਨੁ ਕੁਰਬਾਨੇ ॥।**

**ਜਿਨ ਤੂੰ ਜਾਤਾ ਜੋ ਤੁਧੁ ਮਨਿ ਭਾਨੇ ॥**

**ਤਿਨ ਕੈ ਸੰਗਿ ਸਦਾ ਸੁਖੁ ਪਾਇਆ ਹਰਿ ਰਸ ਨਾਨਕ ਤ੍ਰਿਪਤਿ ਅਘਾਨਾ ਜੀਉ ॥੪॥੧੩॥੨੦॥**

-- ਅਜਿਹੇ ਸੰਤਾਂ ਤੋਂ ਪੰਜਵੇਂ ਪਾਤਸ਼ਾਹ ਆਪਣਾ ਮਨ ਵੀ ਕੁਰਬਾਨ ਕਰਦੇ ਹਨ ਜਿਨ੍ਹਾਂ ਨੇ

-- ਜਿਨ੍ਹਾਂ ਨੇ ਤੈਨੂੰ ਜਾਣ ਲਿਆ ਹੈ ਅਤੇ ਜੋ ਤੇਰੇ ਮਨ ਨੂੰ ਭਾਏ ਹਨ।

ਜਿਨ੍ਹਾਂ ਤੇ ਪ੍ਰਭੂ ਪ੍ਰਸੰਨ ਹੋ ਗਿਆ ਹੈ, ਜਿਨ੍ਹਾਂ ਨੂੰ ਪ੍ਰਭੂ ਮਿਲ ਪਿਆ ਹੈ, ਪੰਜਵੇਂ ਨਾਨਕ ਉਨ੍ਹਾਂ ਤੋਂ ਕੁਰਬਾਨ ਜਾਂਦੇ ਹਨ - 'ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ।।', ਪੰਨਾ ੧੩੬. ਸ੍ਰੀ ਗੁਰੂ ਨਾਨਕ ਸਾਹਿਬ ਦੇ ਬਚਨ ਹਨ ਕਿ ਜਿਨ੍ਹਾਂ ਦੇ ਮਨ ਤਨ ਪ੍ਰਭੂ ਦੇ ਰੰਗ ਵਿਚ ਰੰਗ ਦਿਤੇ ਗਏ ਹਨ, ਪਤੀ ਪ੍ਰਭੂ ਉਨ੍ਹਾਂ ਦੇ ਹੀ ਕੋਲ ਹੁੰਦਾ ਹੈ। ਅਜਿਹੇ ਜਨਾਂ ਦੇ ਚਰਨਾਂ ਦੀ ਧੂੜ ਮਿਲ ਜਾਏ ਤਾਂ ਸ਼ੁਕਰ ਮਨਾਈਏ, ਇਹ ਨਾਨਕ ਦੀ ਅਰਦਾਸ ਹੈ - '**ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ ।। ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ।।**', ਪੰਨਾ ੭੨੨.

ਸ੍ਰੀ ਗੁਰੂ ਅਮਰਦਾਸ ਸਾਹਿਬ ਉਨ੍ਹਾਂ ਤੋਂ ਸਦਾ ਬਲਿਹਾਰ ਜਾਂਦੇ ਹਨ ਜਿਨ੍ਹਾਂ ਤੋਂ ਵਾਹਗੁਰੂ ਨੇ ਆਪਣਾ ਹੁਕਮ ਮਨਾਇਆ ਹੈ ਅਤੇ ਧੁਰ ਦਰਗਾਹ ਤੋਂ ਲੇਖ ਲਿਖੇ ਅਨੁਸਾਰ ਨਾਮ ਦੀ ਕਮਾਈ ਕੀਤੀ ਹੈ - 'ਨਾਨਕ ਹੁਕਮੁ ਤਿਨਾ ਮਨਾਇਸੀ ਭਾਈ ਜਿਨਾ ਧੁਰੇ ਕਮਾਇਆ ਨਾਉ।। ਤਿਨ੍ ਵਿਟਹੁ ਹਉ ਵਾਰਿਆ ਭਾਈ ਤਿਨ ਕਉ ਸਦ ਬਲਿਹਾਰੈ ਜਾਉ।।', ਪੰਨਾ ੧੪੧੯. ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਬਚਨ ਹਨ ਕਿ ਅਸੰਖ, ਅਣਗਿਣਤ ਲੋਕ ਹਨ ਜੋ ਉਸ ਕਰਤੇ ਦਾ ਨਾਮ ਜਪ ਰਹੇ ਹਨ ਪਰ ਹਰੀ ਪ੍ਰਭੂ ਦੇ ਉਹ ਸੰਤ ਸਾਧੂ ਧੰਨ ਹਨ ਧੰਨ ਹਨ ਜੋ ਕਰਤਾ ਪ੍ਰਭੂ ਨੂੰ ਭਾਉਂਦੇ ਹਨ - 'ਸਭਿ ਚਵਹਿ ਹਰਿ ਹਰਿ ਨਾਮੁ ਕਰਤੇ ਅਸੰਖ ਅਗਣਤ ਹਰਿ ਧਿਆਵਏ।। ਸੋ ਧੰਨੁ ਧਨੁ ਹਰਿ ਸੰਤੁ ਸਾਧੂ ਜੋ ਹਰਿ ਪ੍ਰਭ

ਕਰਤੇ ਭਾਵਏ।।', ਪੰਨਾ ੧੧੧੫.

ਸ੍ਰੀ ਗੁਰੂ ਅਰਜਨ ਸਾਹਿਬ ਦੇ ਬਚਨ ਹਨ ਕਿ ਜਿਸ ਤੇ ਮੇਰੇ ਮਾਲਕ ਨੇ ਕਿਰਪਾ ਕੀਤੀ ਹੈ, ਉਸ ਦਾ ਕੋਈ ਲੇਖਾ ਨਹੀਂ ਹੁੰਦਾ। ਜਿਨ੍ਹਾਂ ਨੇ ਪ੍ਰਭੂ ਨੂੰ ਆਪਣੇ ਕੰਨਾਂ ਨਾਲ ਸੁਣ ਲਿਆ, ਗੁਰੂ ਸਾਹਿਬ ਉਸ ਤੋਂ ਬਲਿਹਾਰ ਜਾਂਦੇ ਹਨ - 'ਜਿਨ ਕੰਉ ਕ੍ਰਿਪਾ ਕਰੀ ਮੇਰੈ ਠਾਕੁਰਿ ਤਿਨ ਕਾ ਲੇਖਾ ਨ ਗਣਿਆ।। ਕਹੁ ਨਾਨਕ ਤਿਸੁ ਘੋਲਿ ਘੁਮਾਈ ਜਿਨਿ ਪ੍ਰਭੁ ਸ੍ਰਵਣੀ ਸੁਣਿਆ।।', ਪੰਨਾ ੫੭੭.

-- ਪੰਜਵੇਂ ਨਾਨਕ ਅਨੁਸਾਰ, ਜੋ ਮਨੁਖ ਵੀ ਅਜਿਹੇ ਸੰਤ ਜਨਾਂ ਦੀ ਸੰਗਤਿ ਕਰਦੇ ਹਨ, ਉਨ੍ਹਾਂ ਨੂੰ ਸਦਾ ਰਹਿਣ ਵਾਲੇ ਸੁਖ ਦੀ ਪ੍ਰਾਪਤੀ ਹੁੰਦੀ ਹੈ ਅਤੇ ਉਹ ਹਰੀ ਦੇ ਨਾਮ ਦਾ ਰਸ ਪ੍ਰਾਪਤ ਕਰ ਕੇ ਹਰ ਪਖੋਂ ਤ੍ਰਿਪਤ ਰਹਿੰਦੇ ਹਨ।੪।੧੩।੨੦।

ਪਾਤਸ਼ਾਹ ਹੋਰ ਬਚਨ ਕਰਦੇ ਹਨ ਕਿ ਸੰਤ ਜਨਾਂ ਦੀ ਕਿਰਪਾ ਨਾਲ ਮਹਾਂ ਅਨੰਦ ਦੀ ਪ੍ਰਾਪਤੀ ਹੋ ਗਈ ਹੈ, ਕਿਉਂਕਿ ਹਰੀ ਦੇ ਨਾਮ ਨਾਲ ਮੇਰਾ ਮਨ ਮੰਨ ਗਿਆ ਹੈ ਅਤੇ ਨਾਮ ਦੇ ਰੰਗ ਨਾਲ ਵਿਸਮਾਦ ਦੀ ਅਵੱਸਥਾ ਬਣ ਗਈ ਹੈ - 'ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ।। ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਰੰਗਿ ਰਤੇ ਬਿਸਮਾਦੇ।।', ਪੰਨਾ ੬੧੪.